ਪੰਜਾਬ ਸਕੂਲ ਸਿੱਖਿਆ ਬੋਰਡ
ਐਸ. ਏ. ਐਸ. ਨਗਰ (ਮੋਹਾਲੀ) - 160 062
PUNJAB SCHOOL EDUCATION BOARD
S.A.S. Nagar (Mohali)-160 062

ਨੰਬਰ 166/DDA
ਮਿਤੀ 09-03-18

ਵੱਲ

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖੀ
ਸਰਕਾਰੀ/ਐਫੀਲਿਏਟਿਡ/ਏਡਿਡ ਸੀਨੀਅਰ ਸੈਕੰਡਰੀ ਤੇ ਹਾਈ ਸਕੂਲ, ਪੰਜਾਬ

ਵਿਸ਼ਾ: ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀਆਂ (VI, HI ਅਤੇ MR) ਲਈ ਦੱਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਜਮਾਤਾਂ ਲਈ ਪ੍ਰਸ਼ਨ ਬੈਂਕ ਤਿਆਰ ਕਰਨ ਸੰਬੰਧੀ।

ਉਪਰੋਕਤ ਵਿਸ਼ੇ ਸੰਬੰਧੀ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵੱਲੋਂ ਜਾਰੀ ਹਦਾਇਤਾਂ ਦੀ ਲੋਅ ਵਿੱਚ ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀਆਂ (VI, HI ਅਤੇ MR) ਲਈ ਦੱਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਸਾਰੇ ਵਿਸ਼ਿਆਂ ਦੇ ਪ੍ਰਸ਼ਨ ਪੱਤਰਾਂ ਦੀ ਰੂਪ-ਰੇਖਾ ਅਤੇ ਪ੍ਰਸ਼ਨ ਬੈਂਕ ਤਿਆਰ ਕੀਤੇ ਜਾਣੇ ਹਨ।

ਉਪਰੋਕਤ ਨਿਰਣੇ ਦੀ ਲੋਅ ਵਿੱਚ ਆਪ ਆਪਣੇ ਸਕੂਲ ਵਿੱਚ ਦਾਖਲ ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀਆਂ ਦੇ ਸੰਬੰਧ ਵਿੱਚ ਹੇਠ ਦਰਸਾਏ ਨੁਕਤਿਆਂ ਸੰਬੰਧੀ ਸੂਚਨਾ ਮਿਤੀ 12-03-2018 ਤੱਕ ਨਿਮਨਹਸਤਾਖਰੀ ਦੇ ਮੇਲ ID directoracademicpseb@gmail.com ਤੇ ਭੇਜਣ ਦੀ ਖੇਚਲ ਕਰੋ:

1. ਸਬੰਧਤ ਵਿਦਿਆਰਥੀਆਂ ਦੀ ਸ਼੍ਰੇਣੀਵਾਰ ਗਿਣਤੀ
2. ਇਹਨਾਂ ਵਿਦਿਆਰਥੀਆਂ ਵੱਲੋਂ ਸ਼੍ਰੇਣੀਵਾਰ (ਪਹਿਲੀ ਤੋਂ ਬਾਰ੍ਹਵੀਂ ਸ਼੍ਰੇਣੀ ਵਿੱਚ) ਚੁਣੇ/ਪੜ੍ਹੇ ਜਾਂਦੇ ਵਿਸ਼ਿਆਂ ਦੀ ਸੂਚੀ
3. ਕੀ ਇਹਨਾਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਰੈਗੂਲਰ ਵਿਦਿਆਰਥੀਆਂ ਦੀ ਵਿਧੀ ਅਪਣਾਈ ਗਈ ਹੈ ਜਾਂ ਵੱਖਰੀ ਵਿਧੀ ਅਪਣਾਈ ਜਾਂਦੀ ਹੈ, ਵੇਰਵਾ ਦਿਓ।
4. ਤੁਹਾਡੇ ਵਿਚਾਰ ਅਨੁਸਾਰ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਇਹਨਾਂ ਵਿਦਿਆਰਥੀਆਂ ਲਈ ਵੱਖ-ਵੱਖ ਵਿਸ਼ਿਆਂ ਦੇ ਮੌਜੂਦਾ ਪਾਠਕ੍ਰਮ ਵਿੱਚੋਂ ਪ੍ਰਸ਼ਨ ਬੈਂਕ (Objective type) ਤਿਆਰ ਕੀਤਾ ਜਾਵੇ ਅਤੇ ਪ੍ਰਸ਼ਨ ਪੱਤਰ ਵੀ ਉਸ ਵਿੱਚੋਂ ਹੀ ਸੈੱਟ ਕੀਤਾ ਜਾਵੇ। (ਹਾਂ/ਨਹੀਂ)
5. ਕੀ ਇਹਨਾਂ ਵਿਦਿਆਰਥੀਆਂ ਲਈ ਪਹਿਲੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਬੋਰਡ ਵੱਲੋਂ ਨਿਰਧਾਰਿਤ ਪਾਠਕ੍ਰਮ ਤੋਂ ਵੱਖਰੇ ਪਾਠਕ੍ਰਮ ਦੀ ਲੋੜ ਹੈ, ਕਾਰਨ ਦੱਸੋ?

9/3/18
ਡਾਇਰੈਕਟਰ (ਅਕਾਦਮਿਕ)
09/03/18